# 10ਵੀਂ ਸ਼੍ਰੇਣੀ ਕੰਪਿਊਟਰ ਸਾਇੰਸ

(ਸੈਸ਼ਨ: 2024-25)

**ਸਮਾਂ**: 2 ਘੰਟੇ
**ਕੁੱਲ ਅੰਕ**: 100

**ਲਿਖਤੀ**: 50 ਅੰਕ
**ਆਂਤਰਿਕ ਮੁਲਾਂਕਣ**: 05 ਅੰਕ
**ਪ੍ਰਯੋਗੀ**: 45 ਅੰਕ

## ਪ੍ਰਸ਼ਨ-ਪੱਤਰ ਦੀ ਬਣਤਰ

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 1-1 ਅੰਕ ਵਾਲੇ 12 ਪ੍ਰਸ਼ਨ ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 1-1 ਅੰਕ ਵਾਲੇ 8 ਪ੍ਰਸ਼ਨ ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 8 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 6 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਦੋ ਪ੍ਰਸ਼ਨਾਂ ਵਿਚ ਅੰਦਰੂਨੀ ਛੋਟ ਹੋਵੇਗੀ।
4. ਭਾਗ-ੲ ਵਿਚ ਨੰਬਰ 9 ਤੋਂ 10 ਤੱਕ 6-6 ਅੰਕਾਂ ਦੇ ਵੱਡੇ ਉੱਤਰਾਂ ਵਾਲੇ 2 ਪ੍ਰਸ਼ਨ ਹੋਣਗੇ, ਜਿਹਨਾਂ ਵਿਚ ਅੰਦਰੂਨੀ ਛੋਟ ਹੋਵੇਗੀ।

| ਲੜੀ ਨੰ | ਪਾਠ ਦਾ ਨਾਂ | ਕੁੱਲ ਅੰਕ | 1 ਅੰਕ ਵਾਲੇ ਪ੍ਰਸ਼ਨ | 3 ਅੰਕਾਂ ਵਾਲੇ ਪ੍ਰਸ਼ਨ | 6 ਅੰਕਾਂ ਵਾਲੇ ਪ੍ਰਸ਼ਨ |
|---|---|---|---|---|---|
| 1 | ਆਫਿਸ ਟੂਲਜ਼ | 11 | 2 | 1 | 1+C |
| 2 | HTML ਭਾਗ-1 | 6 | 3 | 1 | - |
| 3 | HTML ਭਾਗ-2 | 6 | 3 | 1+C | - |
| 4 | HTML ਭਾਗ-3 | 6 | 3 | 1+C | - |
| 5 | ਓਪਰੇਟਿੰਗ ਸਿਸਟਮ | 9 | 3 | - | 1+C |
| 6 | ਡੈਸਕਟਾਪ ਪਬਲੀਸ਼ਿੰਗ | 6 | 3 | 1 | - |
| 7 | ਮਾਈਕਰੋਸਾਫਟ ਪਬਲੀਸ਼ਰ | 6 | 3 | 1 | - |
| | ਕੁੱਲ ਅੰਕ | 50 | 20x1=20 | 6x3=18 | 2x6=12 |

## ਅਗਵਾਈ ਲੀਹਾਂ (ਪ੍ਰਯੋਗੀ ਪ੍ਰੀਖਿਆ)

ਸਮਾਂ: 2 ਘੰਟੇ　　　　ਅੰਕ: 45

**ਪ੍ਰੀਖਿਆ ਲਈ ਅੰਕ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:**

| | | |
|---|---|---|
| ਸੈਕਸ਼ਨ –ਏ | ਵਾਈਵਾ-ਵੋਸ | 10 |
| ਸੈਕਸ਼ਨ-ਬੀ | ਪ੍ਰੋਗਰਾਮ ਰਿਕਾਰਡ ਫਾਈਲ | 15 |
| ਸੈਕਸ਼ਨ-ਸੀ | ਪ੍ਰੈਕਟੀਕਲ ਪ੍ਰੋਗਰਾਮ/ਪ੍ਰਯੋਗੀ ਪ੍ਰਸ਼ਨ | 20 |

1. ਸੈਕਸ਼ਨ-ਏ ਵਿੱਚ ਪ੍ਰੀਖਿਆਰਥੀ ਤੋਂ ਪਾਠ ਕ੍ਰਮ ਵਿੱਚੋਂ ਪੰਜ ਪ੍ਰਸ਼ਨ ਪੁੱਛੇ ਜਾਣਗੇ। ਹਰ ਪ੍ਰਸ਼ਨ 2-2 ਅੰਕ ਦਾ ਹੋਵੇਗਾ। ਇਹ ਪ੍ਰਸ਼ਨ ਓਬਜੈਕਟਿਵ ਟਾਈਪ ਜਾਂ ਵਿਆਖਿਆ ਦੱਸਣੀ ਜਾਂ ਕੰਪਿਊਟਰ ਦੇ ਵੱਖ-ਵੱਖ ਹਿੱਸਿਆਂ ਅਤੇ ਇਸ ਨਾਲ ਜੁੜੇ ਸਹਾਇਕਾਂ **ਸੰਬਧੀ** ਹੋਣਗੇ। 2×5=10 ਅੰਕ
2. ਸੈਕਸ਼ਨ-ਬੀ ਵਿੱਚ ਪ੍ਰੀਖਿਆਰਥੀ ਦਾ ਸਲਾਨਾ ਪ੍ਰੋਗਰਾਮ ਰਿਕਾਰਡ ਫਾਈਲ ਚੈਕ ਕੀਤੀ ਜਾਵੇਗੀ। 15 ਅੰਕ
3. ਸੈਕਸ਼ਨ-ਸੀ ਵਿੱਚ ਤਿੰਨ **ਪ੍ਰੈਕਟੀਕਲ** ਪ੍ਰੋਗਰਾਮ/**ਪ੍ਰਯੋਗੀ** ਪ੍ਰਸ਼ਨ ਸੈੱਟ ਕੀਤੇ ਜਾਣਗੇ। ਜਿਨ੍ਹਾਂ ਵਿੱਚੋਂ ਪ੍ਰੀਖਿਆਰਥੀ ਨੂੰ ਦੋ **ਪ੍ਰੈਕਟੀਕਲ** ਪ੍ਰੋਗਰਾਮ/**ਪ੍ਰਯੋਗੀ** ਪ੍ਰਸ਼ਨ ਕਰਨ ਦੀ ਖੁੱਲ ਹੋਵੇਗੀ। ਹਰ **ਪ੍ਰੈਕਟੀਕਲ** ਪ੍ਰੋਗਰਾਮ/**ਪ੍ਰਯੋਗੀ** ਪ੍ਰਸ਼ਨ 10-10 ਅੰਕਾਂ ਦਾ ਹੋਵੇਗਾ। 2×10=20 ਅੰਕ

# ਜਮਾਤ 10ਵੀਂ -ਕੰਪਿਊਟਰ ਸਾਇੰਸ
## ਮਾਡਲ ਪ੍ਰਸ਼ਨ ਪੱਤਰ
## ਸੈਸ਼ਨ (2024-25)

**ਸਮਾਂ: 2 ਘੰਟੇ** **ਕੁੱਲ ਅੰਕ: 50**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 1-1 ਅੰਕ ਵਾਲੇ 12 ਪ੍ਰਸ਼ਨ ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 1-1 ਅੰਕ ਵਾਲੇ 8 ਪ੍ਰਸ਼ਨ ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 8 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 6 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਦੋ ਪ੍ਰਸ਼ਨਾਂ ਵਿਚ ਅੰਦਰੂਨੀ ਛੋਟ ਹੋਵੇਗੀ।
4. ਭਾਗ-ੲ ਵਿਚ ਨੰਬਰ 9 ਤੋਂ 10 ਤੱਕ 6-6 ਅੰਕਾਂ ਦੇ ਵੱਡੇ ਉੱਤਰਾਂ ਵਾਲੇ 2 ਪ੍ਰਸ਼ਨ ਹੋਣਗੇ, ਜਿਹਨਾਂ ਵਿਚ ਅੰਦਰੂਨੀ ਛੋਟ ਹੋਵੇਗੀ।

## ਭਾਗ-ੳ (20x1=20)
## ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ

ਪ੍ਰਸ਼ਨ:1 ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਪ੍ਰਸ਼ਨ

i ਹੇਠ ਲਿਖਿਆਂ ਵਿਚੋਂ ਕਿਹੜੀ ਗੂਗਲ ਦੇ ਆਨਲਾਈਨ ਆਫਿਸ ਟੂਲ ਦੀ ਉਦਾਹਰਣ ਨਹੀਂ ਹੈ?

ੳ. Google Slides
ਅ. Google Docs
ੲ. OpenOffice Writer
ਸ. Google Sheets

ii ________________ ਉਹ ਟੈਕਸਟ ਹੁੰਦਾ ਹੈ ਜਿਸ ਵਿਚ ਦੂਜੇ ਵੈਬ-ਪੇਜਾਂ ਦੇ ਲਿੰਕ ਮੋਜੂਦ ਹੁੰਦੇ ਹਨ।

ੳ. ਸਟੈਟਿਕ ਟੈਕਸਟ
ਅ. ਹਾਈਪਰ ਟੈਕਸਟ
ੲ. ਪਲੇਨ ਟੈਕਸਟ
ਸ. ਉਪਰੋਕਤ ਸਾਰੇ

iii ਵੈਬ ਸਰਵਰ ਨੂੰ ਫਾਰਮ-ਡੇਟਾ ਭੇਜਣ ਲਈ ਕਿਹੜੀ HTTP ਵਿਧੀ ਵਰਤੀ ਜਾਂਦੀ ਹੈ?

ੳ. GET ਅਤੇ SET
ਅ. GET ਅਤੇ POST
ੲ. POST ਅਤੇ SEND
ਸ. GET ਅਤੇ SEND

iv _____________ ਦਾ ਅਰਥ ਹੈ ਕਈ ਪ੍ਰੋਗਰਾਮਾਂ ਨੂੰ ਇੱਕੋ ਸਮੇਂ ਮੁੱਖ ਮੈਮੋਰੀ ਦੇ ਵੱਖ ਵੱਖ ਹਿੱਸਿਆਂ ਵਿਚ ਰੱਖਣਾ ਅਤੇ ਉਹਨਾਂ ਨੂੰ ਇਕ-ਇਕ ਕਰਕੇ ਚਲਾਉਣਾ।

ੳ. ਮਲਟੀ-ਐਪਲੀਕੇਸ਼ਨ
ਅ. ਮਲਟੀ-ਪ੍ਰੋਸੈਸਿੰਗ
ੲ. ਮਲਟੀ-ਪ੍ਰੋਗਰਾਮਿੰਗ
ਸ. ਮਲਟੀ-ਟਾਈਮਿੰਗ

v ___________ ਇੱਕ ਅਜਿਹਾ ਸਿਸਟਮ ਹੈ ਜੋ ਸਾਨੂੰ ਇਹ ਦਰਸਾਉਂਦਾ ਹੈ ਕਿ ਜਦੋਂ ਅਸੀਂ ਕਿਸੇ ਡਾਕੂਮੈਂਟ ਨੂੰ ਪ੍ਰਿੰਟ ਕਰਾਂਗੇ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ।

ੳ. **WYSWJKI**

ਅ. **WKSWUG**

ੲ. **WUSIWUG**

ਸ. **WYSIWYG**

vi ਰਿਜ਼ਿਊਮ ਤੋਂ ਲੰਬਾ ਕੀ ਹੁੰਦਾ ਹੈ ਜੋ ਘੱਟੋ ਘੱਟ ਦੋ ਜਾਂ ਤਿੰਨ ਪੇਜਾਂ ਵਿਚ ਹੁੰਦਾ ਹੈ?

ੳ. ਕਰਿਕਿਊਲਮ ਵਿਟੇ (CV)

ਅ. ਬੈਨਰ

ੲ. ਇਨਵਟੀਟੇਸ਼ਨ ਕਾਰਡ

ਸ. ਕੈਟਾਲਾਗ

vii ਐਪਲੀਕੇਸ਼ਨ ਸਾਫਟਵੇਅਰਜ਼ ਨੂੰ _________________ ਵੀ ਕਿਹਾ ਜਾਂਦਾ ਹੈ।

viii ____________ ਸੈੱਲ ਬਾਰਡਰ ਅਤੇ ਸੈੱਲ ਕੰਟੈਂਟਸ ਵਿਚਕਾਰ ਦੀ ਦੂਰੀ ਨੂੰ ਦਰਸਾਉਂਦਾ ਹੈ।

ix ਹਰੇਕ ਇਮੇਜ਼ ਟੈਗ ਵਿੱਚ ਇੱਕ _________ ਐਟਰੀਬਿਊਟ ਹੁੰਦਾ ਹੈ ਜੋ ਵੈਬ-ਬ੍ਰਾਉਜ਼ਰ ਨੂੰ ਇਹ ਦੱਸਦਾ ਹੈ ਕਿ ਉਹ ਤਸਵੀਰ ਜੋ ਅਸੀਂ ਵੈਬ ਪੇਜ਼ ਵਿਚ ਪ੍ਰਦਰਸ਼ਿਤ ਕਰਨਾ ਚਾਹੁੰਦੇ ਹਾਂ, ਨੂੰ ਕਿੱਥੋਂ ਲੱਭਣਾ ਹੈ।

x ____________ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ।

xi ______ ਟੈਕਸਟ ਦੀ ਗ੍ਰਾਫਿਕਲ ਪ੍ਰਤਿਨਿਧਤਾ (graphical representation) ਹੈ ਜਿਸ ਵਿੱਚ ਇੱਕ ਵੱਖਰਾ ਟਾਈਪਫੇਸ (typeface), ਪੁਆਇੰਟ-ਸਾਈਜ਼ (point size), ਭਾਰ (weight), ਰੰਗ ਜਾਂ ਡਿਜ਼ਾਈਨ ਸ਼ਾਮਲ ਹੋ ਸਕਦਾ ਹੈ।

xii ਇਸ਼ਤਿਹਾਰਬਾਜ਼ੀ (Advertising) ਦਾ ਮਤਲਬ ਹੈ ਕਿ ਕਿਵੇਂ ਇੱਕ ਕੰਪਨੀ ਲੋਕਾਂ ਨੂੰ ਉਨ੍ਹਾਂ ਦੇ ____________, ਸੇਵਾਵਾਂ ਜਾਂ ਵਿਚਾਰਾਂ ਨੂੰ ਖਰੀਦਣ ਲਈ ਉਤਸ਼ਾਹਤ ਕਰਦੀ ਹੈ।

ਪ੍ਰਸ਼ਨ:2 ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਪ੍ਰਸ਼ਨ

i **<SUB>** ਟੈਗਾ ਦਾ ਪੂਰਾ ਨਾਂ ਕੀ ਹੈ?

ii **<B>** ਟੈਗ ਦਾ ਪੂਰਾ ਨਾਂ ਕੀ ਹੈ?

iii **<DD>** ਦਾ ਪੂਰਾ ਨਾਂ ਕੀ ਹੈ?

iv **<UL>** ਦਾ ਪੂਰਾ ਨਾਂ ਕੀ ਹੈ?

v **<A>** ਟੈਗ ਦਾ ਪੂਰਾ ਨਾਂ ਕੀ ਹੈ?

vi **GIMP** ਦਾ ਪੂਰਾ ਨਾਂ ਲਿਖੋ

vii ਫਾਇਰਵਾਲ ਸਾਡੇ PC ਉਪਰ ਅਣਅਧਿਕਾਰਤ ਅਸੈਸ ਨੂੰ ਰੋਕ ਨਹੀਂ ਸਕਦੀ। (ਸਹੀ/ਗਲਤ)

viii ਕਿਸੇ ਵਿਅਕਤੀ ਨੂੰ ਉਸਦੀ ਪ੍ਰਾਪਤੀ, ਮੈਰਿਟ ਅਤੇ ਸਨਮਾਨ ਵੱਜੋਂ ਸਹੀ ਸਮੇਂ ਤੇ ਦਿਤੇ ਜਾਣ ਵਾਲੇ ਸਰਟੀਫਿਕੇਟ ਉਸ ਲਈ ਸ਼ਕਤੀਸ਼ਾਲੀ ਸਾਧਨ ਸਾਬਿਤ ਹੋ ਸਕਦੇ ਹਨ। (ਸਹੀ/ਗਲਤ)

## ਭਾਗ-ਅ (6x3=18)

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:3 ਮਲਟੀਮੀਡੀਆ ਟੂਲਜ਼ ਬਾਰੇ ਲਿਖੋ।

ਪ੍ਰਸ਼ਨ:4 HTML ਪ੍ਰੋਗਰਾਮਿੰਗ ਲਈ ਵਰਤੇ ਜਾਣ ਵਾਲੇ ਸਾਫਟਵੇਅਰਾਂ ਦੇ ਨਾਂ ਲਿਖੋ।

ਪ੍ਰਸ਼ਨ:5 ਤੁਸੀਂ HTML ਟੇਬਲਜ਼ ਵਿਚ ਸੈੱਲਾਂ ਨੂੰ ਕਿਸ ਤਰ੍ਹਾਂ ਮਰਜ ਕਰੋਗੇ?

ਜਾਂ

ਡੈਫੀਨੇਸ਼ਨ ਲਿਸਟ (Definition List) ਕੀ ਹੁੰਦੀ ਹੈ?

ਪ੍ਰਸ਼ਨ:6 ਹਾਈਪਰਲਿੰਕ (Hyperlink) ਕੀ ਹੁੰਦਾ ਹੈ?

ਜਾਂ

ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਲਿਖੋ।

ਪ੍ਰਸ਼ਨ:7 ਗ੍ਰਾਫਿਕਸ (Graphics) ਨੂੰ ਪਰਿਭਾਸ਼ਿਤ ਕਰੋ?

ਪ੍ਰਸ਼ਨ:8 ਬੈਨਰ ਕੀ ਹੈ?

## ਭਾਗ-ੲ (2x6=12)

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:9 ਆਫਲਾਈਨ ਅਤੇ ਆਨਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।

ਜਾਂ

ਆਨਲਾਈਨ ਆਫਿਸ ਟੂਲਜ਼ ਦੀ ਵਰਤੋਂ ਦੇ ਲਾਭ ਅਤੇ ਹਾਨੀਆਂ ਲਿਖੋ।

ਪ੍ਰਸ਼ਨ:10 ਸਿੰਗਲ ਯੂਜ਼ਰ ਅਤੇ ਮਲਟੀ-ਯੂਜ਼ਰ ਓਪਰੇਟਿੰਗ ਸਿਸਟਮਾਂ ਵਿਚਕਾਰ ਅੰਤਰ ਲਿਖੋ।

ਜਾਂ

ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ ਕੀ ਹੈ? ਬਿਆਨ ਕਰੋ।